**ਡੀ.ਡੀ. ਪਸ਼ੂ ਧਨ ਦੇ ਲਾਭਕਾਰੀ ਵਿਕਾਸ਼ ਅਤੇ ਰੋਜਗਾਰ ਉਤਪਤੀ ਦੇ ਮਹੱਤਵ ਨਾਲ ਨਵੇ ਡੇਅਰੀ ਯੂਨਿਟ ਸਥਾਪਿਤ ਕਰਨੇ**

ਡੇਅਰੀ ਵਿਕਾਸ਼ ਵਿਭਾਗ ਪੰਜਾਬ ਵਲੋ ਦੁੱਧ ਦੀ ਪੈਦਾਵਰ ਵਧਾਉਣ ਅਤੇ ਪੰਜਾਬ ਦੇ ਪੈਡੂ ਖੇਤਰ ਦੇ ਬੇਰੁਜਗਾਰ ਨੋਜਵਾਨ ਲਈ ਡੇਅਰੀ ਖੇਤਰ ਰਾਹੀ ਰੁਜਗਾਰ ਉਤਪਤੀ ਦੇ ਮੱਤਵ ਨਾਲ ਇਕ ਨਵੀ ਸਕੀਮ ਲਾਗੂ ਕਰਨ ਦਾ ਫੈਸਲਾ ਲਿਆ ਹੈ ਜਿਸ ਦਾ ਨਾਮ **ਡੀ.ਡੀ-8 ਪਸ਼ੂ** ਧਨ ਦੇ ਲਾਭਕਾਰੀ ਵਿਕਾਸ਼ ਅਤੇ ਅਤੇ ਰੁਜਗਾਰ ਉਤਪਤੀ ਦੇ ਮੰਤਵ ਨਾਲ ਨਵੇ ਡੇਅਰੀ ਯੂਨਿਟਾ ਸਥਾਪਿਤ ਕਰਨਾ ਹੈ। ਉਕਤ ਸਕੀਮ ਹੇਠ ਡੇਅਰੀ ਯੂਨਿਟ ਸਥਾਪਿਤ ਕਰਨ ਵਾਲੇ ਜਨਰਲ ਲਾਭਪਾਤਰੀਆਂ ਨੂੰ **25** % ਅਤੇ ਐਸ.ਸੀ ਲਾਭਪਾਤਰੀਆਂ ਨੂੰ **33 %** ਵਿੱਤੀ ਸਹਾਇਤਾ ਦੇਣ ਦਾ ਉਪਵੰਧ ਹੈ।

**ਇਹ ਸਕੀਮ ਅਧੀਨ ਲਾਭਪਾਤਰੀ ਦੀ ਯੋਗਤਾ ਹੇਠਾਂ ਅਨੁਸਾਰ ਹੈ**।

1. ਲਾਭਪਾਤਰੀ ਪੰਜਾਬ ਦੇ ਪੈਂਡੂ ਖੇਤਰ ਦਾ ਵਸ਼ਨੀਕ ਹੋਵੇ ਅਤੇ ਉਹਦੀ ਡੇਅਰੀ ਯੂਨਿਟ ਵੀ ਪੈਡੂ ਖੇਤਰ ਵਿੱਚ ਹੀ ਸਥਿਤ ਹੋਵੇ।
2. ਇਹ ਸਕੀਮ ਦਾ ਲਾਭ ਲੈਣ ਲਈ ਇਕਲਾ ਕਿਸਾਨ,ਸੈਲਫ ਹੈਲਪ ਗਰੁੱਪ,ਗੈਰ ਸਰਕਾਰੀ ਸਰਕਾਰੀ ਸੰਸ਼ਥਾਵਾਂ,ਸਹਿਕਾਰੀ ਸੋਸਾਇਟੀਆਂ ਸਮਰਥ ਹਨ।
3. ਉਸ ਦੀ ਉਮਰ **18 ਤੋ 50** ਸਾਲ ਦੇ ਵਿਚਕਾਰ ਹੋਵੇ।
4. ਉਸ ਨੇ ਪੰਜਾਬ ਡੇਅਰੀ ਵਿਕਾਸ਼ ਬੋਰਡ ਤੋ ਸਵੈ-ਰੋਜਗਾਰ ਸਕੀਮ ਜਾ ਡੇਅਰੀ ਉਧਮ ਸਿਖਲਾਈ ਸਕੀਮ ਅਧੀਨ ਸਿਖਲਾਈ ਪ੍ਰਾਪਤ ਕੀਤੀ ਹੋਵੇ ਜਾ ਗੁਰੂ ਅੰਗਦ ਦੇਵ ਵੈਟਨਰੀ ਐਨੀਮਲ ਸਾਇੰਸ ਯੂਨਿਵਰਸਿਟੀ ਲੁਧਿਆਣਾ/ਪੰਜਾਬ ਖੇਤੀਬਾੜੀ ਯੂਨਿਵਰਸਿਟੀ,ਲੁਧਿਆਣਾ ਤੋ ਸਿਖਲਾਈ ਪ੍ਰਾਪਤ ਕਰਨ ਉਪਰੰਤ ਸਿਖਲਾਈ ਪ੍ਰਮਾਣ ਪੱਤਰ ਹਾਸਲ ਕੀਤੀ ਹੋਵੇ।
5. ਉਸ ਕੋਲ ਡੇਅਰੀ ਯੂਨਿਟ ਦੀ ਸਥਾਪਨਾ ਲਈ ਢੁਕਵੀ ਜਮੀਨ ਹੋਵੇ।
6. ਲਾਭਪਾਤਰੀ ਵਲੋ ਦੁਧਾਰੂ ਪਸ਼ੂਆਂ ਦੀ ਖਰੀਦ ਬੈਕ ਤੋ ਕਰਜਾ ਲੈਕੇ ਕੀਤੀ ਹੋਵੇ।
7. ਲਾਭਪਾਤਰੀ ਵੱਲੋ ਦੁਧਾਰੂ ਪਸ਼ੂਆਂ ਦੀ ਖਰੀਦ ਵਿਤੀ ਸਾਲ **2020-21 ਸੁਰੂ ਹੋਣ** ਦੇ ਬਾਅਦ ਕੀਤੀ ਹੋਵੇ।
8. ਲਾਭਪਾਤਰੀ ਕਿਸੇ ਬੈਂਕ ਦਾ ਡਿਫਾਲਟਰ/ ਦਿਵਾਲੀਆ ਨਾ ਹੋਵੇ ਅਤੇ ਨਾ ਹੀ ਉਸ ਵਲੋ ਇਸ ਸਕੀਮ ਹੇਠ ਕਿਸੇ ਹੋਰ ਸਰਕਾਰੀ ਅਦਾਰੇ ਤੋ ਵਿਤੀ ਸਹਾਇਤਾ ਪ੍ਰਾਪਤ ਕੀਤੀ ਹੋਵੇ।
9. ਲਾਭਪਾਤਰੀ ਨੂੰ ਆਪਣੀ ਡੀ.ਡੀ- ਸਕੀਮ ਤਹਿਤ ਸਥਾਪਨਾ ਕੀਤੀ ਗਈ ਨਵੀ ਯੂਨਿਟ ਘੱਟੋ-ਘੱਟ **03** ਸਾਲ ਤੱਕ ਬਰਕਾਰ ਰੱਖਣਾ ਹੋਵੇਗਾ ਭਾਵ ਤਿੰਨ ਸਾਲ ਤੱਕ ਉਹ ਆਪਣ ਯੂਨਿਟ ਵਿਚ ਮੋਜੂਦ ਕੋਈ ਵੀ ਪਸ਼ੂ ਨਹੀ ਵੇਚੇਗਾ/ਬਦਲੇਗਾ , ਜੇਕਰ ਯੂਨਿਟ ਵਿਚ ਹੋਰ ਕੁਦਰਤੀ ਨੁਕਸਾਨ ਹੁੰਦਾ ਹੈ ਤਾਂ ਵੀ ਉਹ ਵਿਭਾਗ ਨੂੰ ਸੂਚੀਤ ਕਰੇਗਾ।

ਚਲਦਾ ਪੰਨਾ----

**ਯੂਨਿਟ ਸਾਇਜ**- ਲਾਭਪਾਤਰੀ **2,5,10 ਅਤੇ 20** ਦੁਧਾਰੂ ਪਸ਼ੂਆਂ ਦੀ ਯੂਨਿਟ ਸਥਾਪਿਤ ਕਰ ਸਕਦਾ ਹੈ।

**ਸਬਸਿਡੀ ਦਰ-** ਉਕਤ ਸਕੀਮ ਅਧੀਨ ਯੂਨਿਟ ਸਥਾਪਿਤ ਕਰਨ ਵਾਲੇ ਜਨਰਲ ਲਾਭਪਾਤਰੀਆਂ ਨੂੰ **25 %** ਅਤੇ ਅਜਾਤੀ ਦੇ ਲਾਭਪਾਤਰੀ ਨੂੰ **33 %** ਵਿੱਤੀ ਸਹਾਇਤਾ ਉਨ੍ਹਾਂ ਦੀ ਖਰੀਦ ਕੀਮਤ(ਵੱਧ ਤੋ ਵੱਧ **70,000** ਮਾਨਤਾ ਪ੍ਰਾਪਤ) ਦੇ ਆਧਾਰ ਤੇ ਦਿੱਤੀ ਜਾਵੇਗੀ ।ਜਿਸ ਵਿੱਚ ਜਨਰਲ ਲਾਭਪਾਤਰੀ ਨੂੰ ਪ੍ਰਤੀ ਪਸ਼ੂ ਵੱਧ ਤੋ ਵੱਧ ਰੁਪਏ **17,500/-** ਅਤੇ ਅਜਾਤੀ ਨਾਲ ਸਬੰਧਤ ਲਾਭਪਾਤਰੀਆਂ ਨੂੰ ਪ੍ਰਤੀ ਪਸ਼ੂ ਵੱਧ ਤੋ ਵੱਧ ਰੁਪਏ **23,100/-** ਦੀ ਸਬਸਿਡੀ ਦਿੱਤੀ ਜਾਵੇਗੀ।

**ਸਬਸਿਡੀ ਕਲੇਮ ਨਾਲ ਨੱਥੀ ਡਾਕੂਮੈਂਟਾਂ----**

1. ਪੰਜਾਬ ਡੇਅਰੀ ਵਿਕਾਸ਼ ਬੋਰਡ ਵਲੋ ਨਿਰਧਾਰ ਪ੍ਰੋਫਾਰਮੇ **FORM DD/DD8/SA** (ਜਿਹੜੇ ਕਿ ਬੋਰਡ ਦੇ ਵੈਬਸਾਈਟ ਵਿੱਚ ਵੀ ਉਪਲਭਧ ਹਨ)ਅਨੁਸਾਰ ਬਿਨੈ ਪੱਤਰ।
2. ਪੰਜਾਬ ਡੇਅਰੀ ਵਿਕਾਸ਼ ਬੋਰਡ ਵਲੋ ਨਿਰਧਾਰ ਪ੍ਰੋਫਾਰਮੇ **FORM DD/DD8/SSD** ਅਨੁਸਾਰ ਸਵੈ-ਘੋਸਣਾ ਪੱਤਰ।
3. ਨਿਰਧਾਰਤ ਪ੍ਰੋਫਾਰਮੇ ਅਨੁਸਾਰ ਬੈਂਕ ਵਲੋ ਜਾਰੀ ਕੀਤਾ ਗਿਆ ਕਰਜਾ ਡਿਸ਼ਬਰਸ਼ਮੈਂਟ ਪੱਤਰ ਅਤੇ ਕਰਜਾ ਸੈਕਸਨ ਪੱਤਰ।
4. ਡਿਪਟੀ ਡਾਇਰੈਕਟਰ,ਡੇਅਰੀ ਵਲੋ ਸਪਾਂਸਰ ਕਰਜਾ ਕੇਸ ਦੀ ਮੁਕੰਮਲ ਕਾਪੀ।
5. ਪਸ਼ੂਆਂ ਦੀ ਖਰੀਦ ਸਬੰਧੀ ਇਕਰਾਰਨਾਮਾ/ਖਰੀਦ ਰਸੀਦਾਂ।
6. ਪਸ਼ੂਆਂ ਦੇ ਹੇਲਥ ਸਰਟੀਫਿਕੇਟ(ਵੈਟਨਰੀ ਕਾਉਂਸਲ ਆਫ ਇੰਡੀਆ ਵਲੋ ਮਾਨਤਾ ਪ੍ਰਾਪਤ ਨਿਰਧਾਰਤ ਪ੍ਰੋਫਾਰਮੇ ਅਨੁਸਾਰ)
7. ਮੁਕੰਮਲ ਰੂਪ ਵਿੱਚ ਬੀਮੇ ਦੀ ਪਾਲਿਸੀ ,ਜਿਸ ਵਿੱਚ ਪਸ਼ੂ ਸਬੰਧੀ ਵੇਰਵਾ ਵਿਸਥਾਰ ਪੂਰਵਕ ਦਰਜ ਹੋਵੇ।
8. ਸਿਖਲਾਈ ਸਰਟੀਫਿਕੇਟ ਦੀ ਤਸ਼ਦੀਕ ਸੁਦਾ ਕਾਪੀ।
9. ਆਧਾਰ ਕਾਰਡ ਦੀ ਕਾਪੀ।
10. ਲਾਭਪਾਤਰੀ ਵਲੋ ਬੈਕ ਤੋ ਕਰਜਾ ਪ੍ਰਾਪਤ ਕਰਨ ਉਪਰੰਤ ਪਸ਼ੂਆਂ ਦੀ ਖਰੀਦ ਕਰਕੇ ਪਸ਼ੂਆਂ ਦੇ ਫਿਟਨਸ ਸਰਟੀਫਿਕੇਟ ਜਾਰੀ ਕਰਾਉਣ ਉਪਰੰਤ ਪਸ਼ੂਆਂ ਦੇ ਬੀਮਾ ਕਰਵਾਏਗਾ ਅਤੇ ਉਕਤ ਸਬੰਧੀ ਡਾਕੂਮੈਂਟਾਂ ਦੀ ਕਾਪੀ ਸਬਸਿਡੀ ਕੇਸ ਨਾਲ ਨੱਥੀ ਕਰੇਗਾ।

ਚਲਦਾ ਪੰਨਾ ------

**<u>ਕਾਰਜ ਵਿਧੀ</u>**

ਲਾਭਪਾਤਰੀ ਨਿਰਧਾਰਤ ਪ੍ਰੋਫਾਰਮੇ ਵਿੱਚ ਆਪਣਾ ਸਬਸਿਡੀ ਕਲੇਮ ਸਬੰਧੀ ਬੈਨਤੀ ਪੱਤਰ ਆਪਣੇ ਜਿਲ੍ਹੇ ਦੇ ਡੇਅਰੀ ਵਿਕਾਸ਼ ਵਿਭਾਗ ਦੇ ਅਧਿਕਾਰੀ ਨੂੰ ਸੌਂਪੇਗਾ ਅਤੇ ਉਸ ਵਲੋ ਸਥਾਪਿਤ ਯੂਨਿਟ ਦੀ ਭੌਤੀਕ ਪੜਤਾਲ ਹੇਠ ਲਿਖੇ ਕਮੇਟੀ ਮੈਂਬਰਾਂ ਵਲੋ ਸੰਯੁਕਤ ਰੂਪ ਵਿਚ ਕੀਤੀ ਜਾਵੇਗੀ

ਡੇਅਰੀ ਵਿਕਾਸ਼ ਵਿਭਾਗ ਦਾ ਜਿਲ੍ਹਾ ਅਧਿਕਾਰੀ

ਸਬੰਧਤ ਬੈਕ ਮੈਨੇਜਰ ਜਾਂ ਉਸਦਾ ਨੁਮਾਇੰਦਾ

ਸਬੰਧਤ ਏਰੀਏ ਦਾ ਡੇਅਰੀ ਵਿਕਾਸ਼ ਇੰਸਪੈਕਟਰ

ਡਾਇਰੈਕਟਰ,ਪਸੂ ਪਾਲਣ ਵਿਭਾਗ ਦਾ ਨੁਮਾਇੰਦਾ

ਉਪਰੋਕਤ ਕਮੇਟੀ ਵਲੋ ਪੜਤਾਲ ਕਰਨ ਉਪਰੰਤ ਦਰੁਸ਼ਤ ਪਾਏ ਗਏ ਯੋਗ ਲਾਭਪਾਤਰੀਆਂ ਦੇ ਸਬਸਿਡੀ ਕਲੇਮਾਂ ਡੇਅਰੀ ਵਿਕਾਸ਼ ਵਿਭਗ ਦੇ ਜਿਲ੍ਹਾ ਅਧਿਕਾਰੀ ਰਾਹੀ ਪੰਜਾਬ ਡੇਅਰੀ ਵਿਕਾਸ਼ ਬੋਰਡ ਦੇ ਮੁੱਖ ਦਫਤਰ ਵਿਖੇ ਕਲੇਮ ਲਈ ਭੇਜੇ ਜਾਣਗੇ। ਘੋਖ ਕਰਨ ਉਪਰੰਤ ਯੋਗ ਪਾਏ ਗਏ ਲਾਭਪਾਤਰੀਆਂ ਦੀ ਸਬਸਿਡੀ ਆਨ ਲਾਈਨ ਸਬੰਧਤ ਬੈਂਕ ਦੇ ਸਬਸਿਡੀ ਰਿਜਰਵ ਫੰਡ ਖਾਤੇ ਵਿੱਚ ਜੱਮਾ ਕਰਵਾਈ ਜਾਵੇਗੀ ਜੋ ਕਿ **03** ਸਾਲ ਬੈਂਕ ਐਂਡਿੰਡ ਹੋਵੇਗੀ।

**ਪੰਜਾਬ ਡੇਅਰੀ ਵਿਕਾਸ਼ ਬੋਰਡ**।